ੴ

# ਸੰਪਾਦਕ ਦੀ ਕਲਮ ਤੋਂ

## ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥

*ਹੱਲੇ ਯਾਰਾਂ ਹਲੇ ਯਾਰਾਂ ਖੁਸ਼ਖਬਰੀ ॥ ਹਰੀ ਦੇ ਸਰਗੁਣ ਸਰੂਪ ਸ਼ਬਦ ਗੁਰੂ ਨੂੰ ਹਰੀ ਦੇ ਮੰਦਿਰ ਵਿੱਚ ਸਥਾਪਤ ਕਰਨ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਸੌ ਸਾਲਾ ਮਹਾਨ ਪੁਰਬ ਦੀ ਸਾਰੇ ਜਗਤ ਨੂੰ ਲੱਖ-ਲੱਖ ਵਧਾਈ। ਸਾਰੀ ਮਾਨਵਤਾ ਤੇ ਅਕਾਲ ਪੁਰਖ ਦੀ ਰਹਿਮਤ, ਬਖ਼ਸ਼ਿਸ਼ ਅਤੇ ਕ੍ਰਿਪਾਲਤਾ ਦੀ ਮੇਹਰ ਦੀ ਵਰਖਾ ਨਿਰੰਤਰ ਜਾਰੀ ਹੈ ਪਰ ਧੰਨ ਹਨ ਉਨ੍ਹਾਂ ਦੇ ਭਾਗ ਜੋ ਇਸ ਨੂੰ ਪ੍ਰਾਪਤ ਕਰਨ ਲਈ ਆਪਣੇ ਭਾਂਡੇ ਸਿੱਧੇ ਰਖ ਪਾ ਰਹੇ ਹਨ।* ***ਚਤੁਰ ਦਿਸਾ ਕੀਨੋ ਬਲੁ ਅਪਨਾ ਸਿਰ ਊਪਰਿ ਕਰੁ ਧਾਰਿਓ ॥*** *ਉਸਦੀ ਮਿਹਰ ਦਾ ਹੱਥ ਤਾਂ ਸਾਡੇ ਸਿਰਾਂ ਤੇ ਹੈ ਪਰ ਜੇ ਸਾਡਾ ਸਿਰ ਹੀ ਥੱਲ੍ਹੇ ਨਾ ਟਿਕੇ ਤਾਂ ਉਸਦਾ ਕੀ ਦੋਸ਼ ?*

*ਗੁਰੂ ਅਰਜਨ ਸਾਹਿਬ ਨੇ ਇਕ ਵਾਰ ਬਾਬਾ ਬੁੱਢਾ ਜੀ ਨੂੰ ਕਿਹਾ ਕਿ ਬਾਲਕ ਹਰਿਗੋਬਿੰਦ ਜੀ ਦੀ ਪੜ੍ਹਾਈ ਆਪ ਦੇ ਜਿੰਮੇ ਹੈ ਤਾਂ ਬਾਬਾ ਜੀ ਨੇ ਅਧੀਨਗੀ ਨਾਲ ਬੇਨਤੀ ਕੀਤੀ ਸੀ ਕਿ ਮੈਂ ਤਾਂ ਆਪ ਹੀ ਨਹੀਂ ਪੜ੍ਹਿਆ, ਮੈਂ ਧੰਨ ਧੰਨ ਹਰਗੋਬਿੰਦ ਜੀ ਨੂੰ ਕਿਸ ਤਰ੍ਹਾਂ ਪੜ੍ਹਾਂ ਸਕਾਂਗਾ ? ਤਾਂ ਗੁਰੂ ਅਰਜਨ ਦੇਵ ਜੀ ਨੇ ਹੁਕਮ ਕੀਤਾ ਸੀ ਕਿ ਬਾਬਾ ਜੀ ! ਹਰਿਗੋਬਿੰਦ ਜੀ ਨੂੰ ਆਪ ਉਹ ਪੜ੍ਹਾਈ ਕਰਾਉ ਜੋ ਆਪ ਜੀ ਨੂੰ ਗੁਰੂ ਨਾਨਕ ਸਾਹਿਬ ਨੇ ਕਰਵਾਈ ਸੀ। ਐਸੇ ਮਹਾਨ ਬਾਬਾ ਬੁੱਢਾ ਜੀ ਨੂੰ ਗੁਰੂ ਸਾਹਿਬ ਨੇ ਪਹਿਲੇ ਗ੍ਰੰਥੀ ਥਾਪਿਆ ਅਤੇ ਆਦਿ ਗ੍ਰੰਥ ਸਾਹਿਬ ਨੂੰ ਸਚਿਖੰਡਿ ਸ੍ਰੀ ਹਰਿਮੰਦਰ ਸਾਹਿਬ ਵਿੱਚ ਸਥਾਪਤ ਕਰਕੇ ਜੋ ਪਹਿਲਾ ਵਾਕ ਬਾਬਾ ਜੀ ਨੇ ਲਿਆ, ਉਹ ਸੀ,*

***ਸੂਹੀ ਮਹਲਾ 5 ॥***

***ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥***
***ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥***
***ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥***
***ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥***

ਇਸ ਪਾਵਨ ਹੁਕਮਨਾਮੇ ਰਾਹੀਂ ਗੁਰੂ, ਵਾਹਿਗੁਰੂ, ਸੰਤ ਪ੍ਰਯਾਇਵਾਚੀ ਹੋ ਗਏ। ਸਿੱਖ ਲਈ ਸੰਤ ਹੀ ਗੁਰੂ ਹੈ। ਗੁਰੂ ਹੀ ਸੰਤ ਹੈ।

***ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥*** ਦੇ ਰੂਪ ਵਿੱਚ ਇਹ ਇਲਾਹੀ ਕਲਾਮ ਗੁਰੂ-ਵਾਹਿਗੁਰੂ ਦਾ ਸਰਗੁਣ ਸਰੂਪ ਹੈ। ***ਸਤਿਗੁਰੂ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈ ਗੋ ॥5 ॥***

ਸਾਰੇ ਸੰਸਾਰ, ਸਾਰੇ ਆਲਮ ਦਾ ਰੱਬ, ਉਸਦਾ ਸਿਰਜਨਹਾਰ ਇਕ ਹੈ। ਦੋ ਨਹੀਂ। ਉਹ ਮਾਤਾ ਦੀ ਕੁੱਖ ਵਿੱਚੋਂ ਜਨਮ ਨਹੀਂ ਲੈਂਦਾ ਬਲਕਿ ਆਪਣੇ ਉਪਾਏ ਜਗਤ ਦੇ ਹਰ ਕਣ-ਕਣ ਵਿੱਚ ਬਿਰਾਜਮਾਨ ਹੈ। ਉਸਦਾ ਕੋਈ ਵਿਸ਼ੇਸ਼ ਨਾਮ ਨਹੀਂ। ਕੋਈ ਬੋਲੀ ਦੇਵ ਭਾਸ਼ਾ ਜਾਂ ਮਲੇਛ ਭਾਸ਼ਾ ਨਹੀਂ। ਉਸਦੇ ਦਰ ਤੇ ਲੱਖਾਂ ਹੀ ਅਵਤਾਰ ਅਤੇ ਪੈਗੰਬਰ ਉਸਦਾ ਜੱਸ ਗਾ ਰਹੇ ਹਨ। ਸਿਵਾਏ ਉਸ ਕਰਤਾਰ ਦੇ ਹੋਰ ਕੋਈ ਵੀ ਪੂਜਣ ਯੋਗ ਨਹੀਂ ਹੈ। ਗੁਰੂ ਨਾਨਕ ਸਾਹਿਬ ਪਾਸ ਮੌਜੂਦ ਗੁਰਬਾਣੀ ਦੀ ਪੋਥੀ ਵੱਲ ਇਸ਼ਾਰਾ ਕਰਕੇ ਪੁਛੇ ਸਵਾਲ ਜਵਾਬ ਨੂੰ ਭਾਈ ਗੁਰਦਾਸ ਜੀ ਨੇ ਕਲਮ ਬੰਦ ਕੀਤਾ ਹੈ,

***ਪੁਛਣ ਖੋਲ ਕਿਤਾਬ ਨੂੰ ਵਡਾ ਹਿੰਦੂ ਕੀ ਮੁਸਲਮਾਨੋਈ ॥***
***ਬਾਬਾ ਆਖੇ ਹਾਜ਼ੀਆ ਸ਼ੁਭ ਅਮਲਾਂ ਬਾਝੋ ਦੋਵੇਂ ਰੋਈ ॥***

ਬੰਦੇ ਦੀ ਦੀ ਜ਼ਾਤ, ਮਜ਼੍ਹਬ, ਰੰਗ, ਨਸਲ, ਦੇਸ਼ ਜਾਂ ਕੁਲ ਉਸ ਲਈ ਕੋਈ ਅਹਿਮੀਅਤ ਨਹੀਂ ਰੱਖਦੇ ਬਲਕਿ ਉਸਦੇ ਅਮਾਲ ਹੀ ਉਸ ਨੂੰ ਕਰਤਾ ਪੁਰਖ ਨਾਲੋਂ ਤੋੜ ਵਿਛੋੜ ਸਕਦੇ ਹਨ। ਇਸ ਵਿੱਚ ਕੋਈ ਵਿਚੋਲਾ ਸਹਾਈ ਨਹੀਂ ਹੋ ਸਕਦਾ। ਉਸ ਵਾਹਿਗੁਰੂ ਦਾ ਨਾਮ ਲੈਣ ਨਾਲ ਉਸ ਨਾਲ ਬਣ ਆਉਂਦੀ ਹੈ।

ਗੁਰੂ ਸਾਹਿਬ ਦੇ ਪ੍ਰਕਾਸ਼ ਤੋਂ ਪਹਿਲਾਂ ਵੀ ਸੰਸਾਰ ਵਿੱਚ ਉਹ ਰੂਹਾਂ ਹੋ ਚੁੱਕੀਆਂ ਹਨ ਜੋ ਕਿਰਤਮ ਨੂੰ ਛੱਡ ਕੇ ਕੇਵਲ ਕਰਤਾ ਪੁਰਖ ਦੀ ਅਰਾਧਨਾ ਕਰਦੀਆਂ ਸਨ। **ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥** ਇਹ ਨਿੱਜੀ ਰੂਪ ਜਾਂ ਇੱਕਲੇ ਇਕੱਲੇ ਤਾਂ ਵਿਚਰਦੇ ਸਨ ਪਰ ਅਕਾਲ ਦੀ ਪੂਜਾ ਦਾ ਸੰਗਠਨਾਤਮਕ ਰੂਪ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿੱਚ ਪਹਿਲੀ ਵਾਰ ਅਵਤਰਿਤ ਹੋਇਆ।

ਵੱਖ-ਵੱਖ ਮਤ ਮਤਾਂਤਰ ਵਾਲੇ ਵੱਖ-ਵੱਖ ਆਸਨਾਂ ਤੇ ਆਸੀਨ ਹੁੰਦੇ ਹਨ। ਗੁਰਮਤਿ ਦਾ ਮਾਰਗ ਕਿਰਤੀਆਂ ਅਤੇ ਗ੍ਰਿਹਸਤੀਆਂ ਦਾ ਧਰਮ ਹੈ। ਇਸ ਲਈ ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਨੂੰ ਗ੍ਰਿਹਸਤੀਆਂ ਦੇ ਬਿਰਾਜਣ ਦੀ ਜਗ੍ਹਾ ਮੰਜੀ ਤੇ ਸਥਾਪਤ ਕਰਕੇ ਇਸ ਨੂੰ ਮੰਜੀ ਸਾਹਿਬ ਬਣਾ ਦਿੱਤਾ ਗਿਆ। 'ਕਿਰਤ ਕਰੋ, ਨਾਮ ਜਪੋ, ਵੰਡ ਛਕੋ' ਦੇ ਮਹਾਨ ਅਸੂਲ ਗੁਰੂ ਨਾਨਕ ਸਾਹਿਬ ਨੇ ਦਿੱਤੇ ਅਤੇ ਇਸ ਮੁਤਾਬਿਕ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਸਾਰੇ ਹੀ ਭਗਤ ਕਿਰਤੀ ਸਨ। ਕੋਈ ਨਾਈ, ਕੋਈ ਛੀਂਬਾ, ਕੋਈ ਜੁਲਾਹਾ, ਕੋਈ ਕਸਾਈ। ਕਰਤਾ ਪੁਰਖ ਵੀ ਵੱਡਾ ਕਿਰਤੀ ਹੈ।

ਛੋਟੀ ਜਿਹੀ ਗਿਣਤੀ ਵਾਲੇ ਨਵਜਾਤ ਖਾਲਸਾ ਜੀ ਨੂੰ 5 ਫਰਵਰੀ ਸੰ 1762 ਨੂੰ ਵੱਡੇ ਘੱਲੂਘਾਰੇ ਦਾ ਸਾਹਮਣਾ ਕਰਨਾ ਪਿਆ। ਰਾਇਪੁਰ ਗੁਜ਼ੱਰਵਾਲ ਪਾਸ ਕੁਪਰਹੀੜੇ ਦੇ ਮਕਾਮ ਤੇ ਅਹਿਮਦਸ਼ਾਹ ਦੁਰੱਾਨੀ ਦੇ ਨਾਲ ਹੋਈ ਇਸ ਭਿਆਨਕ ਜੰਗ ਵਿੱਚ 20 ਹਜ਼ਾਰ ਦੇ ਕਰੀਬ ਸਿੰਘ ਸ਼ਹੀਦ ਹੋਏ। ਸਿੱਖਾਂ ਨੂੰ ਚੁਣ-ਚੁਣ ਕੇ ਸ਼ਹੀਦ ਕਰਨ ਦਾ ਸਰਕਾਰੀ ਫ਼ਰਮਾਨ ਜਾਰੀ ਸੀ ਅਤੇ ਉਸ ਸਮੇਂ ਜੰਗਲੀ ਜਾਨਵਰਾਂ ਦਾ ਨਹੀਂ ਬਲਕਿ ਸਿੰਘਾਂ ਦਾ ਸ਼ਿਕਾਰ ਕੀਤਾ ਜਾਂਦਾ ਸੀ। ਇਸ ਸਮੇਂ ਸਾਰੇ ਸੰਸਾਰ ਵਿੱਚ ਨਾਮ ਮਾਤਰ ਹੀ ਖਾਲਸਾ ਬਾਕੀ ਬਚਿਆ ਸੀ।

ਇਸ ਸਮੇਂ ਵੀ ਅੱਜ ਦੀ ਤਰ੍ਹਾਂ ਸਿੱਖੀ ਬਚੇਗੀ ਕਿ ਨਹੀਂ ਵਿਚਾਰ ਦਾ ਵਿਸ਼ਾ ਸੀ। ਪਰ ਕੁਪਰਹੀੜੇ ਦੇ ਜੰਗਲ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਹਾਜ਼ਰ ਸਿੱਖਾਂ ਨੇ ਜੋ ਅਰਦਾਸ ਕੀਤੀ ਉਹ ਸਿੱਖ ਇਤਿਹਾਸ ਦਾ ਸੁਨਹਿਰੀ ਵਰਕਾ ਹੈ। **ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ ॥ ਛੋਡਿ ਸਿਆਣਪ ਸਗਲ ਮਨੁ ਤਨੁ ਅਰਪਿ ਧੀਰ ॥** ਦੇ ਮਹਾਂਵਾਕ ਅਨੁਸਾਰ ਉਨ੍ਹਾਂ ਦੀ ਅਰਦਾਸ ਸੀ ਕਿ 'ਹੇ ਗੁਰੂ ਗ੍ਰੰਥ ਸਾਹਿਬ', ਹੁਣ ਸਾਡੇ ਵਿੱਚ ਕੋਈ ਖੋਟ ਨਹੀਂ ਹੈ, ਤੇਰਾ ਸਾਜਿਆ ਇਹ ਪੰਥ 'ਤੱਤ ਖਾਲਸਾ' ਹੈ। ਅਸੀਂ ਸ਼ਹੀਦੀ ਪ੍ਰਾਪਤ ਕਰਨ ਲਈ ਤਤਪਰ ਹਾਂ। ਸਵਾਲ ਸਾਡੀ ਹੋਂਦ ਦਾ ਨਹੀਂ ਬਲਕਿ ਤੇਰੀ ਹੋਂਦ ਦਾ ਹੈ। ਪਰ ਹੇ ਸੱਚੇ ਪਾਤਸ਼ਾਹ! ਜੇ ਇਹ ਪੰਥ ਹੀ ਨਾ ਰਿਹਾ ਤਾਂ ਤੈਨੂੰ ਕੌਣ ਮੰਨੇਗਾ? ਸੋ ਜੇ ਹੁਣ ਤੂੰ ਆਪਣੇ ਆਪ ਨੂੰ ਬਚਾਉਣਾ ਚਾਹੁੰਦਾ ਹੈਂ ਤਾਂ ਆਪਣੇ ਪੰਥ ਨੂੰ ਬਚਾ ਲੈ।

**ਪੰਥ ਜੋ ਰਹਾ ਤੋ ਤੇਰਾ ਗ੍ਰੰਥ ਭੀ ਰਹੇਗੋਂ ਨਾਥ,**
**ਪੰਥ ਨ ਰਹਾ ਤੋ ਤੇਰਾ ਗ੍ਰੰਥ ਕੌਣ ਮਾਨੈਗੋ।**

ਇਹ ਕਿਸੇ ਅਹੰ ਜਾਂ ਹਉਮੈਂ ਪ੍ਰਗਟਾਵਾ ਨਹੀਂ ਬਲਕਿ ਗੁਰੂ ਗ੍ਰੰਥ ਸਾਹਿਬ ਪ੍ਰਤੀ ਸਿੱਖੀ ਸ਼ਰਧਾ ਦੀ ਅਦੁੱਤੀ ਮਿਸਾਲ ਸੀ। ਗੁਰੂ ਨਾਨਕ ਸਾਹਿਬ ਨੂੰ ਵੀ ਇਕ ਵਾਰ ਭਾਈ ਮਰਦਾਨਾ ਜੀ ਨੇ ਕਿਹਾ ਸੀ, **ਨਾਨਕ ਤੇਰਾ ਮੇਰਾ ਬਹੁਤਾ ਫਰਕ ਨਾਹੀਂ, ਤੂ ਖੁਦਾਇ ਦਾ ਡੂਮ, ਮੈਂ ਤੇਰਾ ਡੂਮ ॥** ਐਨ ਇਸੇ ਤਰ੍ਹਾਂ ਕਲਗੀਧਰ ਪਿਤਾ ਨੇ ਵੀ ਖਾਲਸੇ ਪ੍ਰਤੀ ਬਖ਼ਸ਼ਿਸ਼ ਕੀਤੀ ਸੀ ਕਿ ਮੇਰੇ ਅਤੇ ਤੁਹਾਡੇ ਵਿੱਚ ਕੋਈ ਫਰਕ ਨਹੀਂ ਹੈ। **ਯਾ ਮੈਂ ਭੇਦ ਨ ਰੰਚ ਪਛਾਨੋ ॥** ਇੰਨਾ ਹੀ ਨਹੀਂ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਹੁਕਮ ਕੀਤਾ, **ਇਨਹੀ ਕੀ ਕਿਰਪਾ ਕੇ ਸਜੇ ਹਮ ਹੈਂ ਨਹੀਂ ਮੋਸੇ ਗ੍ਰੀਬ ਕ੍ਰੋਰ ਪਰੇ ॥**

ਸੋ ਕੁਪਰਹੀੜੇ ਦੇ ਮੈਦਾਨ ਵਿੱਚ ਖਾਲਸਾ ਵੀ ਇਹੀ ਗੁਰੂ ਗ੍ਰੰਥ ਸਾਹਿਬ ਦੇ ਜੁਗੋ ਜੁਗ ਅਟੱਲ ਹੋਣ ਲਈ ਇਸਦੇ ਟਹਿਲੀਹੇ ਖਾਲਸਾ ਜੀ ਨੂੰ ਵੀ ਜੀਅ ਦਾਨ ਦੀ ਮੰਗ ਕਰ ਰਿਹਾ ਸੀ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਚਾਰ ਪ੍ਰਸਾਰ ਅਤੇ ਇਸਦੀ ਮਹਿਕ ਸੰਸਾਰ ਵਿੱਚ ਫੈਲਾਉਣ ਦੀ ਮੁੱਢਲੀ ਜ਼ਿੰਮੇਵਾਰੀ ਅਤੇ ਫਰਕ ਖਾਲਸਾ ਜੀ ਦਾ ਹੈ।

**ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ ॥**
**ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥**

ਅੱਜ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਦੀ ਵਡਿਆਈ ਦਾ ਚਾਨਣ ਸਿਖਰ ਤੇ ਹੈ। ਪਰ ਕੀ ਇਸਦੇ ਸੇਵਕ ਖਾਲਸਾ ਜੀ ਦਾ ਵੀ ਉਹੋ ਜਾਹੋ ਜਲਾਲ ਕਾਇਮ ਹੈ? ਇਹ ਚਿੰਤਾ ਦਾ ਵਿਸ਼ਾ ਹੈ। ਗੁਰੂ ਗ੍ਰੰਥ ਅਤੇ ਗੁਰੂ ਪੰਥ ਦੇ ਸੰਕਲਪ ਸਿੱਖੀ ਦੇ ਮੂਲ ਸਿਧਾਂਤ ਹਨ। ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਮੰਨ ਲੈਣ ਦੇ ਬਾਅਦ ਕਿਸੇ ਵੀ ਦੇਹਧਾਰੀ ਗੁਰੂ ਡੰਮ ਨੂੰ ਆਪਣਾ ਗੁਰੂ ਜਾਂ ਇਸ਼ਟ ਮੰਨ ਕੇ ਉਸ ਨੂੰ ਮੱਥਾ ਟੇਕਣਾ ਜਾਂ ਉਸ ਨੂੰ ਗੁਰੂ ਜਾਂ ਸਤਿਗੁਰੂ ਦਾ ਲਕਬ ਦੇਣਾ ਗੁਰੂ ਗ੍ਰੰਥ ਸਾਹਿਬ ਦੀ ਨਿਰਾਦਰੀ ਹੀ ਕਹੀ ਜਾਏਗੀ। 2008 ਵਿੱਚ ਆ ਰਹੇ ਗੁਰੂ ਗ੍ਰੰਥ ਸਾਹਿਬ ਦੇ 300 ਸਾਲਾ ਗੁਰਿਆਈ ਦਿਵਸ ਤੱਕ "ਸਿੱਖ ਦਾ ਗੁਰੂ ਕੇਵਲ ਗੁਰੂ ਗ੍ਰੰਥ ਸਾਹਿਬ" ਦੇ ਸੰਕਲਪ ਦੇ ਪ੍ਰਚਾਰ, ਪ੍ਰਸਾਰ ਦੀ ਹੁਣ ਪਹਿਲਾਂ ਨਾਲੋਂ ਵੱਧ ਲੋੜ ਹੈ।

